ਵਿਸ਼ਾ:- ਨੈਸ਼ਨਲ ਮਿਸ਼ਨ ਫਾਰ ਪ੍ਰੋਟੀਨ ਸਪਲੀਮੈਂਟ ਸਕੀਮ ਅਧੀਨ "ਸਪੈਸ਼ਲ ਪ੍ਰੋਗਰਾਮ ਆਨ ਡੇਅਰੀ ਡਿਵੈਲਪਮੈਂਟ" ਲਾਗੂ ਕਰਨ ਲਈ ਰੂਪਰੇਖਾ ।

---

ਸਾਲ 2011-12 ਅਧੀਨ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਅਧੀਨ ਉਲੀਕੇ ਗਏ ਮਹੱਤਵਪੂਰਨ ਪ੍ਰੋਗਰਾਮਾਂ ਵਿੱਚੋਂ ਇੱਕ ਮੁੱਖ ਪ੍ਰੋਗਰਾਮ ਅਧੀਨ ਨੈਸ਼ਨਲ ਮਿਸ਼ਨ ਫਾਰ ਪ੍ਰੋਟੀਨ ਸਪਲੀਮੈਂਟ ਅਧੀਨ ਭਾਰਤ ਸਰਕਾਰ ਵੱਲੋਂ ਇੱਕ "ਸਪੈਸ਼ਲ ਪ੍ਰੋਗਰਾਮ ਆਨ ਡੇਅਰੀ ਡਿਵੈਲਪਮੈਂਟ" ਸਾਲ 2011-12 ਵਿੱਚ ਸ਼ੁਰੂ ਕੀਤਾ ਗਿਆ ਹੈ। ਇਹ ਪ੍ਰੋਗਰਾਮ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਦਾ ਹਿੱਸਾ ਹੈ। ਇਸ ਦਾ ਮੁੱਖ ਮੰਤਵ ਦੁੱਧ ਦੀ ਪ੍ਰਤੱਖ ਪੈਦਾਵਾਰ ਨਿਰਧਾਰਤ ਸਮੇਂ ਅੰਦਰ ਵਧਾਉਣਾ ਹੈ। ਇਸ ਸਕੀਮ ਵਿੱਚ ਡੇਅਰੀ ਸਬੰਧੀ ਕਈ ਕੰਪੋਨੈਂਟ ਜਿਨਾਂ ਤੇ ਪੀ ਸੀ ਆਈ ਸੀ ਵੱਲੋਂ ਵਿਚਾਰ ਵਟਾਂਦਰਾ ਕੀਤਾ ਗਿਆ ਹੈ। ਇਹ ਮਹਿਸੂਸ ਕੀਤਾ ਗਿਆ ਕਿ ਬਾਕੀ ਕੰਪੋਨੈਂਟਾਂ ਦੇ ਨਤੀਜੇ ਆਉਣ ਵਿਚ ਸਮਾਂ ਲੱਗੇਗਾ, ਇਸ ਲਈ ਇਸ ਸਕੀਮ ਅਧੀਨ ਨਵੇਂ ਡੇਅਰੀ ਯੂਨਿਟ ਸਥਾਪਤ ਕਰਵਾਉਣਾ ਯੋਗ ਹੈ ਅਤੇ ਇਹ ਫੈਸਲਾ ਕੀਤਾ ਗਿਆ ਕਿ ਇਸ ਪ੍ਰੋਗਰਾਮ ਨੂੰ ਸਾਰੇ ਰਾਜ ਵਿੱਚ ਲਾਗੂ ਕੀਤਾ ਜਾਵੇ ਅਤੇ ਮੌਜੂਦਾ ਰਾਸ਼ੀ ਨੂੰ ਨਵੇਂ ਯੂਨਿਟ ਸਥਾਪਤ ਕਰਵਾਉਣ ਲਈ ਵਰਤਿਆ ਜਾਵੇ। ਇਸ ਕੰਮ ਲਈ ਦੁਧਾਰੂ ਪਸ਼ੂ ਦੀ ਕੀਮਤ (ਵੱਧ ਤੋਂ ਵੱਧ 50,000/- ਰੁਪਏ) ਦਾ 25 ਪ੍ਰਤੀਸ਼ਤ ਵੱਧ ਤੋਂ ਵੱਧ ਪ੍ਰਤੀ ਦੁਧਾਰੂ ਪਸ਼ੂ 12,500/- ਰੁਪਏ ਦੀ ਸਬਸਿਡੀ ਦਿੱਤੀ ਜਾਣੀ ਹੈ। ਇੱਥੇ ਇਹ ਵੀ ਜਿਕਰਯੋਗ ਹੈ ਕਿ ਨਾਬਾਰਡ ਰਾਹੀਂ ਲਾਗੂ ਡੇਅਰੀ ਉੱਦਮ ਵਿਕਾਸ ਸਕੀਮ ਅਧੀਨ ਪਹਿਲਾਂ ਹੀ ਛੋਟੇ ਡੇਅਰੀ ਯੂਨਿਟ ( 10 ਦੁਧਾਰੂ ਪਸ਼ੂਆਂ ਤੱਕ) ਸਥਾਪਤ ਕਰਵਾਉਣ ਦਾ ਕੰਮ ਚੱਲ ਰਿਹਾ ਹੈ।

ਉਪਰੋਕਤ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਰੂਪਰੇਖਾ ਹੇਠ ਲਿਖੇ ਅਨੁਸਾਰ ਹੈ-

1. **ਨਵੇਂ ਡੇਅਰੀ ਯੂਨਿਟ ਦਾ ਸਾਈਜ਼-** 11 ਤੋਂ 25 ਦੁਧਾਰੂ ਪਸ਼ੂਆਂ ਤੱਕ ਦਾ ਨਵਾਂ ਡੇਅਰੀ ਫਾਰਮ ਇਸ ਸਕੀਮ ਅਧੀਨ ਲਾਭ ਲਈ ਯੋਗ ਸਮਝਿਆ ਜਾਵੇਗਾ।
2. **ਸਬਸਿਡੀ ਦੀ ਦਰ-** ਦੁਧਾਰੂ ਪਸ਼ੂ ਦੀ ਕੀਮਤ ਦਾ 25% । ਸਬਸਿਡੀ ਦੀ ਅਧਿਕਤਮ ਸੀਮਾ ਪ੍ਰਤੀ ਦੁਧਾਰੂ ਪਸ਼ੂ 12,500/-(ਵੱਧ ਤੋਂ ਵੱਧ 50,000/- ਰੁਪਏ) ਦਾ 25 ਪ੍ਰਤੀਸ਼ਤ ਹੋਵੇਗੀ।
3. **ਸਬਸਿਡੀ ਦੀ ਕਿਸਮ-** ਬੈਕਐਂਡਿਡ ਸਬਸਿਡੀ
4. **ਹੋਰ ਸਹੂਲਤਾਂ-** ਇਸ ਸਕੀਮ ਹੇਠ ਸਥਾਪਤ ਡੇਅਰੀ ਫਾਰਮ ਉਪਲੱਬਧ ਹੋਰ ਸਕੀਮਾਂ ਹੇਠ ਸਹੂਲਤਾਂ ਜਿਵੇਂ ਸ਼ੈਡ, ਬੀਮਾ, ਚਿੱਪ, ਮਸ਼ੀਨੀਕਰਨ ਅਤੇ ਬੀ ਐਮ ਸੀ ਆਦਿ ਦਾ ਲਾਭ ਵੀ ਲੈ ਸਕਣਗੇ।
5. ਲਾਭਪਾਤਰੀ ਦੀ ਯੋਗ ਪਾਤਰਤਾ

- ਉਹ ਨਵਾਂ ਡੇਅਰੀ ਫਾਰਮਰ ਹੋਵੇ, ਜੋ ਸਾਲ 2010-11 ਦੇ ਸ਼ੁਰੂ ਹੋਣ ਤੋਂ ਪਹਿਲਾਂ ਸਥਾਪਤ ਨਾ ਹੋਇਆ ਹੋਵੇ।
- ਉਹ ਪੰਜਾਬ ਰਾਜ ਦਾ ਵਸਨੀਕ ਹੋਵੇ।
- ਉਸ ਨੇ ਵੈਟਨਰੀ ਯੂਨੀਵਰਸਿਟੀ/ਖੇਤੀਬਾੜੀ ਯੂਨੀਵਰਸਿਟੀ/ਡੇਅਰੀ ਵਿਕਾਸ ਵਿਭਾਗ ਤੋਂ ਸਵੈ-ਰੋਜ਼ਗਾਰ ਸਕੀਮ ਅਧੀਨ ਜਾਂ ਡੇਅਰੀ ਉੱਦਮ ਸਕੀਮ ਅਧੀਨ ਸਿਖਲਾਈ ਪ੍ਰਾਪਤ ਕੀਤੀ ਹੋਵੇ।
- ਲਾਭਪਾਤਰੀ ਕਿਸੇ ਬੈਂਕ ਦਾ ਡਿਫਾਲਟਰ ਨਾ ਹੋਵੇ।
- ਲਾਭਪਾਤਰੀ ਨੂੰ ਸਥਾਪਤ ਯੂਨਿਟ ਦੇ ਬਾਹਰ ਸਕੀਮ ਨੂੰ ਦਰਸਾਉਂਦਾ ਬੋਰਡ ਲਾਇਆ ਜਾਵੇਗਾ, ਜਿਸ ਵਿੱਚ ਲਿਖਿਆ ਹੋਵੇਗਾ "ਭਾਰਤ ਸਰਕਾਰ ਵਲੋਂ ਸਪੈਸ਼ਲ ਪ੍ਰੋਜੈਕਟ ਆਨ ਡੇਅਰੀ ਡਿਵੈਲਪਮੈਂਟ ਹੇਠ ਸਥਾਪਤ"।
- ਲਾਭਪਾਤਰੀ ਨੂੰ ਆਪਣੇ ਪ੍ਰੋਜੈਕਟ ਦੀ ਲਾਗਤ ਦੀ ਘੱਟੋ ਘੱਟ 40 ਪ੍ਰਤੀਸ਼ਤ ਰਕਮ ਬੈਂਕ ਤੋਂ ਕਰਜਾ ਲੈ ਕੇ ਲਾਈ ਜਾਵੇਗੀ ਅਤੇ ਇਹ ਕਰਜਾ ਘੱਟੋ ਘੱਟ ਦੋ ਸਾਲ ਬਰਕਰਾਰ ਰੱਖਿਆ ਜਾਵੇਗਾ।

ਕਾਰਜ ਵਿਧੀ:-

ਲਾਭਪਾਤਰੀ ਸਬਸਿਡੀ ਦੇ ਕਲੇਮ ਲਈ ਨਿਰਧਾਰਤ ਪ੍ਰੋਫਾਰਮੇ ਵਿਚ ਅਪਣਾ ਬੇਨਤੀ ਪੱਤਰ ਸਹਿ ਤਰਾਂ ਸਮੇਤ (ਸਿਖਲਾਈ ਪ੍ਰਾਪਤੀ ਦੇ ਸਰਟੀਫਿਕੇਟ ਦੀ ਕਾਪੀ, ਬੈਂਕ ਵੱਲੋਂ ਕਰਜਾ ਮੰਨਜੂਰੀ ਪੱਤਰ ਦੀ ਕਾਪੀ, ਕਰਜੇ ਦੀ ਪਹਿਲੀ ਖੇਪ ਜਾਰੀ ਕਰਨ ਦੇ ਸਬੂਤ ਦੀ ਕਾਪੀ, ਦੁਧਾਰੂ ਪਸ਼ੂਆਂ ਦੇ ਖਰੀਦ ਦੇ ਸਬੂਤ ਦੀ ਕਾਪੀ, ਸੇਲ ਪ੍ਰੋਜ਼ ਇਕਰਾਰਨਾਮਾ, ਪਸ਼ੂਆਂ ਦੇ ਬੀਮਾ ਸਬੰਧੀ ਪਾਲਿਸੀ ਅਤੇ ਸਵੈ-ਘੋਸ਼ਣਾ ਪੱਤਰ) ਆਪਣੇ ਜਿਲੇ ਦੇ ਡੇਅਰੀ ਵਿਕਾਸ ਵਿਭਾਗ ਦੇ ਅਧਿਕਾਰੀ ਨੂੰ ਸੋਂਪੇਗਾ। ਉਸ ਦੇ ਬਿਨੈ-ਪੱਤਰ ਦੀ ਵੈਰੀਫਿਕੇਸ਼ਨ ਵਿਭਾਗ ਵੱਲੋਂ ਨਿਰਧਾਰਤ ਕਮੇਟੀ ਵੱਲੋਂ ਕੀਤੀ ਜਾਵੇਗੀ। ਜੋ ਹੇਠ ਲਿਖੇ ਅਨੁਸਾਰ ਹੈ।

| | |
|---|---|
| ਡੇਅਰੀ ਵਿਕਾਸ ਵਿਭਾਗ ਦਾ ਜਿਲਾ ਅਧਿਕਾਰੀ | ਪ੍ਰਧਾਨ |
| ਡਿਪਟੀ ਡਾਇਰੈਕਟਰ, ਪਸ਼ੂ ਪਾਲਣ ਜਾਂ ਉਸ ਦਾ ਨੁਮਾਇੰਦਾ | ਮੈਂਬਰ |
| ਸਬੰਧਤ ਬੈਂਕ ਮੈਨੇਜਰ ਜਾਂ ਉਸ ਦਾ ਨੁਮਾਇੰਦਾ | ਮੈਂਬਰ |
| ਜਨਰਲ ਮੈਨੇਜਰ, ਮਿਲਕ ਪਲਾਂਟ ਜਾਂ ਉਸ ਦਾ ਨੁਮਾਇੰਦਾ | ਮੈਂਬਰ |

ਡੇਅਰੀ ਵਿਕਾਸ ਵਿਭਾਗ ਦਾ ਜਿਲਾ ਅਧਿਕਾਰੀ ਵੈਰੀਫਿਕੇਸ਼ਨ ਉਪਰੰਤ ਯੋਗ ਲਾਭਪਾਤਰੀਆਂ ਦੇ ਬਿਨੈ ਪੱਤਰ ਸਬੰਧਤ ਬੈਂਕ ਮੈਨੇਜਰ ਨੂੰ ਕਰਜਾ ਪ੍ਰਾਪਤੀ ਲਈ ਭੇਜੇਗਾ ਕਰਜਾ ਸੈਕਸ਼ਨ ਹੋਣ ਉਪਰੰਤ ਲਾਭਪਾਤਰੀ ਦਾ ਸਬਸਿਡੀ ਸਬੰਧੀ ਕਲੇਮ ਪੰਜਾਬ ਡੇਅਰੀ ਵਿਕਾਸ ਬੋਰਡ ਨੂੰ ਡਾਇਰੈਕਟਰ, ਡੇਅਰੀ ਵਿਕਾਸ ਵਿਭਾਗ ਰਾਹੀਂ ਭੇਜੇਗਾ। ਘੋਖ ਕਰਨ ਉਪਰੰਤ ਯੋਗ ਪਾਏ ਗਏ ਲਾਭਪਾਤਰੀਆਂ ਦੇ ਬੈਂਕ ਖਾਤੇ ਵਿਚ ਸਬਸਿਡੀ ਜਮ੍ਹਾਂ ਕਰਵਾ ਦਿੱਤੀ ਜਾਵੇਗੀ।

ਸਕੀਮ ਦਾ ਪ੍ਰਚਾਰ

ਸਕੀਮ ਦਾ ਪ੍ਰਚਾਰ ਵਿਭਾਗਾਂ ਵੱਲੋਂ ਵੱਡੇ ਪੱਧਰ ਤੇ ਕੀਤਾ ਜਾਵੇਗਾ ਤਾਂਕਿ ਇਸ ਦੀ ਸੂਚਨਾਂ ਸਮੁੱਚੇ ਪੰਜਾਬ ਵਿਚ ਆਮ ਹੋ ਸਕੇ। ਇਸ ਮੰਤਵ ਲਈ ਅਖਬਾਰਾਂ, ਬਲਾਕ ਪੱਧਰੀ ਕੈਂਪ, ਸਿਖਲਾਈ ਅਤੇ ਵਿਸਥਾਰ ਕੇਂਦਰ ਵਰਤੇ ਜਾਣਗੇ। ਪਸ਼ੂ ਪਾਲਣ ਵਿਭਾਗ, ਪੰਜਾਬ, ਮਿਲਕਫੈਡ, ਪੰਜਾਬ ਅਤੇ ਡੇਅਰੀ ਵਿਕਾਸ ਵਿੱਚ ਲੱਗੇ ਬੈਂਕਾਂ ਨੂੰ ਵੀ ਇਸ ਦੇ ਪ੍ਰਚਾਰ ਲਈ ਜੋੜਿਆ ਜਾਵੇਗਾ। ਆਰ ਕੇ ਵੀ ਵਾਈ ਦੇ ਦਿਸ਼ਾ ਨਿਰਦੇਸ਼ਾਂ ਵਿੱਚ ਇੱਕ ਪ੍ਰਤੀਸ਼ਤ ਰਕਮ ਪ੍ਰਚਾਰ ਅਤੇ ਪ੍ਰਬੰਧਕੀ ਕੰਮਾਂ ਲਈ ਵਰਤੀ ਜਾ ਸਕਦੀ ਹੈ। ਇਸ ਸਕੀਮ ਵਿੱਚ ਵੀ ਇਸ ਦੀ ਪ੍ਰਵਾਨਗੀ ਐਸ ਐਲ ਐਸ ਸੀ ਤੋਂ ਕਰਵਾਈ ਜਾਵੇ।